## ਦੂਸਰੀ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ

# ਪੰਜਾਬੀ ਭਾਸ਼ਾ ਨੂੰ ਪਰਿਵਾਰ, ਵਪਾਰ ਅਤੇ ਸਰਕਾਰ ਵਿਚ ਪ੍ਰਫੁੱਲਤ ਕਰਨ ਦੀ ਅਪੀਲ






ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪੰਜਾਬੀ ਭਾਸ਼ਾ ਵਿਕਾਸ ਤੇ ਪ੍ਰਸਾਰ ਕੇਂਦਰ ਵਲੋਂ 13 ਸਤੰਬਰ ਨੂੰ ਸ਼ਿਵਾਲਿਕ ਪਬਲਿਕ ਸਕੂਲ, ਫੇਜ਼-6, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਦੂਸਰੀ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਵਹੀਰਾਂ ਘੱਤ ਕੇ ਆਏ ਭਾਸ਼ਾ ਪ੍ਰੇਮੀਆਂ ਨੇ ਇਕਸੁਰ ਹੋ ਕੇ ਸਰਕਾਰ ਤੋਂ ਪੰਜਾਬੀ ਭਾਸ਼ਾ ਐਕਟ 1967 ਲਾਗੂ ਕਰਨ ਦੀ ਅਪੀਲ ਕੀਤੀ।

ਆਪਣੇ ਕੁੰਜੀਵਤ ਭਾਸ਼ਣ ਵਿਚ ਸਕੱਤਰ ਜਨਰਲ ਸ੍ਰ. ਜਤਿੰਦਰਪਾਲ ਸਿੰਘ ਹੁਰਾਂ 'ਪੰਜਾਬੀ ਸੂਬੇ ਦੇ 50 ਸਾਲ' ਵਿਸ਼ੇ 'ਤੇ ਚਰਚਾ ਕੀਤੀ। ਨਾਵਲਕਾਰ ਤੇ ਕਾਨੂੰਨਦਾਨ ਸ੍ਰੀ ਮਿੱਤਰ ਸੈਨ ਮੀਤ ਨੇ 'ਰਾਜ ਭਾਸ਼ਾ ਵਜੋਂ ਪੰਜਾਬੀ ਦੇ ਵਿਕਾਸ ਦੀਆਂ ਚੁਣੌਤੀਆਂ' ਵਿਸ਼ੇ 'ਤੇ ਪਰਚਾ ਪੇਸ਼ ਕੀਤਾ ਅਤੇ 50 ਸਾਲਾਂ ਦੇ ਭਾਸ਼ਾਈ ਸਫਰ ਦੇ ਕਾਨੂੰਨੀ ਪੱਖਾਂ ਨੂੰ ਪੇਸ਼ ਕੀਤਾ। ਉਨ੍ਹਾਂ ਪੰਜਾਬੀ ਨੂੰ ਕਾਰਗਰ ਢੰਗ ਨਾਲ ਲਾਗੂ ਨਾ ਕਰਾਏ ਜਾ ਸਕਣ ਲਈ ਸਰਕਾਰਾਂ, ਬੁੱਧੀਜੀਵੀਆਂ ਤੇ ਪੰਜਾਬੀ ਪ੍ਰੇਮੀਆਂ ਨੂੰ ਜ਼ਿੰਮੇਵਾਰ ਦੱਸਿਆ।

ਉੱਘੇ ਲੇਖਕ ਤੇ ਵਿਦਵਾਨ ਡਾ: ਇੰਦਰਜੀਤ ਸਿੰਘ ਗੋਗੋਆਣੀ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੇ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਆਪਣੇ ਪਰਚੇ ਵਿਚ ਪੰਜਾਬੀ ਨੂੰ ਕਿਸੇ ਕਿਸਮ ਦਾ ਖਤਰਾ ਨਾ ਹੋਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ 15 ਕਰੋੜ ਲੋਕਾਂ ਦੀ ਇਹ ਭਾਸ਼ਾ ਉਦੋਂ ਤੱਕ ਨਹੀਂ ਮਰੇਗੀ ਜਦੋਂ ਤੱਕ ਲੋਕ ਜਪੁਜੀ ਸਾਹਿਬ ਪੜ੍ਹਦੇ ਰਹਿਣਗੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਕੰਪਿਊਟਰ ਵਿਕਾਸ ਕੇਂਦਰ ਦੇ ਮੁਖੀ ਡਾ: ਛਿੰਦਰਪਾਲ ਨੇ 'ਪੰਜਾਬੀ ਕੰਪਿਊਟਰੀਕਰਨ-ਭਵਿੱਖਤ ਸੰਭਾਵਨਾਵਾਂ' ਵਿਸ਼ੇ 'ਤੇ ਪਰਚਾ ਪੇਸ਼ ਕੀਤਾ। ਉਨ੍ਹਾਂ ਨੇ ਮੋਬਾਈਲ ਐਪ, ਮਿਆਰੀ ਪੰਜਾਬੀ ਫੋਂਟ, ਉੱਪ ਭਾਸ਼ਾ ਦੀ ਸਮੱਸਿਆ ਦੇ ਹੱਲ ਦੀ ਲੋੜ 'ਤੇ ਜ਼ੋਰ ਦਿੱਤਾ।

ਰੋਜ਼ਾਨਾ ਅਜੀਤ ਦੇ ਕਾਰਜਕਾਰੀ ਸੰਪਾਦਕ ਸ੍ਰ: ਸਤਨਾਮ ਸਿੰਘ ਮਾਣਕ ਨੇ ਆਖਿਆ ਕਿ ਪੰਜਾਬੀ ਭਾਸ਼ਾ ਦੀ ਹੋਂਦ ਕਾਇਮ ਰੱਖਣ ਨਾਲ ਹੀ ਪੰਜਾਬੀ ਸਾਹਿਤ ਸਭਿਆਚਾਰ ਅਤੇ ਸਾਹਿਤਕਾਰਾਂ ਦੀ ਵੁਕਤ ਰਹੇਗੀ। ਉਨ੍ਹਾਂ ਪੰਜਾਬੀ ਭਾਸ਼ਾ ਦੀ ਵਰਤੋਂ ਪ੍ਰਤੀ ਜਾਗਰੂਕ ਹੋਣ ਦੀ ਗੱਲ ਕਰਦਿਆਂ ਇਸ ਦੀ ਵਰਤੋਂ ਲਈ ਸੰਵਿਧਾਨਕ ਤਰਮੀਮਾਂ ਕਰਨ ਅਤੇ ਇਸ ਨੂੰ ਆਰਥਿਕਤਾ ਨਾਲ ਜੋੜਨ ਲਈ ਕਿਹਾ। ਪੇਸ਼ ਕੀਤੇ ਗਏ ਪਰਚਿਆਂ ਦੀ ਸ੍ਰ: ਕਰਮਜੀਤ ਸਿੰਘ ਸਾਬਕਾ ਸਹਾਇਕ ਸੰਪਾਦਕ ਪੰਜਾਬੀ ਟ੍ਰਿਬਿਊਨ ਅਤੇ ਪ੍ਰਿੰ: ਪ੍ਰਭਜੋਤ ਕੌਰ ਸੰਪਾਦਕ ਐਬਸਟ੍ਰੈਕਟਸ ਆਫ਼ ਸਿੱਖ ਸਟੱਡੀਜ਼ ਨੇ ਪ੍ਰੋੜ੍ਹਤਾ ਕੀਤੀ ਤੇ ਵਿਚਾਰ ਵਿਸਥਾਰ ਕੀਤਾ।

ਡਾ: ਦਲਜੀਤ ਸਿੰਘ, ਸਿੱਖਿਆ ਮੰਤਰੀ ਪੰਜਾਬ ਨੇ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਆਖਿਆ ਕਿ ਪੰਜਾਬੀਆਂ ਦੇ ਇਸ ਨੁਮਾਇੰਦਾ ਇਕੱਠ ਵਿਚ ਦਰਸਾਏ ਗਏ ਮੁੱਦਿਆਂ ਨੂੰ ਸਰਕਾਰ ਰਾਹੀਂ ਅਮਲੀ ਜਾਮਾ ਪੁਆਉਣ ਲਈ ਉਹ ਸੰਭਵ ਯਤਨ ਕਰਨਗੇ।

ਕਾਨਫ਼ਰੰਸ ਦੀ ਸ਼ੁਰੂਆਤ ਵਿਚ 'ਦੇਹਿ ਸਿਵਾ ਬਰ ਮੋਹਿ ਇਹੈ' ਸ਼ਬਦ ਦਾ ਗਾਇਣ ਕੀਤਾ ਗਿਆ। ਸ੍ਰ: ਪਿਰਥੀ ਸਿੰਘ ਚੀਫ਼ ਸਕੱਤਰ ਹੁਰਾਂ ਆਏ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਬਾਰੇ ਚਾਨਣਾ ਪਾਇਆ ਤੇ ਪੰਜਾਬੀ ਦੀ ਅਣਦੇਖੀ ਨੂੰ ਗੰਭੀਰ ਮਾਮਲਾ ਦੱਸਦਿਆਂ ਸਾਰਿਆਂ ਦੇ ਜਾਗਰੂਕ ਹੋਣ ਦੀ ਲੋੜ ਦੱਸੀ। ਸ੍ਰ: ਪ੍ਰਤਾਪ ਸਿੰਘ ਚੇਅਰਮੈਨ ਹੁਰਾਂ ਕਾਨਫ਼ਰੰਸ ਦਾ ਮਨੋਰਥ ਸਾਂਝਾ ਕਰਦਿਆਂ ਕਿਹਾ ਕਿ ਸਟੱਡੀ ਸਰਕਲ ਵਲੋਂ ਪੰਜਾਬੀ ਭਾਸ਼ਾ ਵਿਕਾਸ ਤੇ ਪ੍ਰਸਾਰ ਕੇਂਦਰ ਦੀ ਸਥਾਪਨਾ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪ੍ਰਸਾਰ ਲਈ ਨਿੱਗਰ ਯਤਨ ਆਰੰਭੇ ਗਏ ਹਨ।

ਕਾਨਫਰੰਸ ਦੇ ਇਜਲਾਸ ਦੌਰਾਨ ਸਰਬ ਸੰਮਤੀ ਨਾਲ 11 ਮਤੇ ਪ੍ਰਵਾਨ ਕੀਤੇ ਗਏ ਜਿਸ ਵਿਚ ਪੰਜਾਬੀ ਨੌਜਵਾਨਾਂ, ਲਿਖਾਰੀਆਂ, ਸਾਹਿਤਕਾਰਾਂ ਅਤੇ ਵਿਦਿਆ ਸ਼ਾਸ਼ਤਰੀਆਂ ਨੂੰ

ਪਰਿਵਾਰਾਂ ਵਿਚ ਪੰਜਾਬੀ ਬੋਲਣ, ਬੱਚਿਆਂ ਨੂੰ ਗੁਰਮੁੱਖੀ ਲਿਪੀ ਪੜ੍ਹਾਉਣ ਅਤੇ ਇਸ ਦੇ ਕੰਪਿਊਟਰੀਕਰਨ ਅਤੇ ਕੀ-ਬੋਰਡ ਪ੍ਰਚੱਲਤ ਕਰਨ ਲਈ ਤੱਤਪਰ ਹੋਣ ਹਿੱਤ ਅਪੀਲ ਕੀਤੀ ਗਈ। ਡਾ: ਬਲਵਿੰਦਰਪਾਲ ਸਿੰਘ ਨੇ ਹਾਜ਼ਰ ਵਿਦਵਾਨਾਂ, ਵਿਦਿਆਰਥੀਆਂ ਅਤੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਪੰਜਾਬੀ ਦੇ ਵਿਕਾਸ ਤੇ ਪ੍ਰਸਾਰ ਦੀ ਲਹਿਰ ਸਟੱਡੀ ਸਰਕਲ ਵਲੋਂ ਨਿਰੰਤਰਤਾ ਨਾਲ ਜਾਰੀ ਰਹੇਗੀ।

ਸਟੱਡੀ ਸਰਕਲ ਦੇ ਵੱਖ-ਵੱਖ ਜ਼ੋਨਾਂ ਤੋਂ ਜ਼ੋਨਲ ਪ੍ਰਧਾਨ, ਜ਼ੋਨਲ ਸਕੱਤਰ ਅਤੇ ਪ੍ਰਤੀਨਿੱਧ, ਵਿੰਗਾਂ ਅਦਾਰਿਆਂ ਦੇ ਅਹੁਦੇਦਾਰ ਵੀ ਕਾਨਫ਼ਰੰਸ ਵਿਚ ਸ਼ਾਮਲ ਹੋਏ। ਚੰਡੀਗੜ੍ਹ, ਮੁਹਾਲੀ ਅਤੇ ਹੋਰ ਸਥਾਨਕ ਗੁਰਦੁਆਰਾ ਸਾਹਿਬਾਨ ਅਤੇ ਵਿਦਿਅਕ ਅਦਾਰਿਆਂ ਦੇ ਮੁਖੀ ਅਤੇ ਪ੍ਰਤੀਨਿੱਧ ਇਸ ਮੌਕੇ ਹਾਜ਼ਰ ਸਨ। ਪੰਜਾਬੀ ਯੂਨੀਵਰਸਿਟੀ, ਸ੍ਰੋਮਣੀ ਕਮੇਟੀ, ਸਿੱਖ ਬੁੱਕ ਸੈਂਟਰ, ਫ਼ਰੀਦਕੋਟ ਜ਼ੋਨ, ਅਬੋਹਰ ਜ਼ੋਨ ਅਤੇ ਟ੍ਰਾਈਸਿਟੀ ਜ਼ੋਨ ਵਲੋਂ ਲਗਾਈਆਂ ਗਈਆਂ ਪੁਸਤਕ ਪ੍ਰਦਰਸ਼ਨੀਆਂ ਖਿੱਚ ਦਾ ਕੇਂਦਰ ਰਹੀਆਂ।

## ਦੂਸਰੀ ਪੰਜਾਬੀ ਭਾਸ਼ਾ ਵਿਕਾਸ ਕਾਨਫਰੰਸ ਵਿਚ ਪਾਸ ਕੀਤੇ ਗਏ ਮਤੇ

**ਮਤਾ ਨੰਬਰ 1 :**

ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਦਫ਼ਤਰਾਂ ਵਿਚ ਪੰਜਾਬੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ/ਧਾਰਾਵਾਂ ਵਿਚ ਵੱਡੀਆਂ ਸੋਧਾਂ ਦੀ ਲੋੜ ਹੈ, ਇਹ ਸੋਧਾਂ ਸਟੱਡੀ ਸਰਕਲ ਵਲੋਂ ਸੁਝਾਈਆਂ ਵੀ ਗਈਆਂ ਹਨ। ਅੱਜ ਦਾ ਇਹ ਇਕੱਠ ਮੰਗ ਕਰਦਾ ਹੈ ਕਿ ਇਹਨਾਂ ਕਮੀਆਂ ਅਤੇ ਤਰੁੱਟੀਆਂ ਨੂੰ ਦੂਰ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਉਚੇਚਾ ਸੈਸ਼ਨ ਪੰਜਾਬੀ ਸੂਬਾ ਸਥਾਪਨਾ ਦਿਵਸ ਵਾਲੇ ਦਿਨ 1 ਨਵੰਬਰ, 2016 ਨੂੰ ਬੁਲਾਇਆ ਜਾਵੇ ਜਿਸ ਵਿਚ ਰਾਜ ਭਾਸ਼ਾ ਐਕਟ ਵਿਚ ਸੋਧਾਂ ਪ੍ਰਵਾਨ ਕੀਤੀਆਂ ਜਾਣ ਤਾਂ ਜੋ ਮਾਂ ਬੋਲੀ ਪੰਜਾਬੀ ਨੂੰ ਬਣਦਾ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੋ ਸਕੇ।

**ਮਤਾ ਨੰਬਰ 2 :**

ਸੋਧੇ ਹੋਏ ਐਕਟ ਅਨੁਸਾਰ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਸੁਨਿਸ਼ਚਤ ਕਰਨ ਅਤੇ ਕੁਤਾਹੀ ਕਰਨ ਵਾਲੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਦੰਡਤ ਕਰਨ ਵਾਲੀ ਪ੍ਰਣਾਲੀ, ਨਿਯਮ ਅਤੇ ਉਪ-ਨਿਯਮ ਬਣਾਏ ਜਾਣ ਅਤੇ ਇਨ੍ਹਾਂ ਨੂੰ ਲਾਗੂ ਕਰਨ ਲਈ ਉੱਚ ਤਾਕਤੀ ਰਾਜ ਭਾਸ਼ਾ ਟ੍ਰਿਬਿਊਨਲ (High Powered State Language Tribunal) ਸਥਾਪਤ ਕੀਤਾ ਜਾਵੇ ਜਿਸ ਵਿਚ ਪੰਜਾਬ ਅਤੇ ਪੰਜਾਬੀ ਨਾਲ ਹਿੱਤ ਰੱਖਣ ਵਾਲੇ ਉੱਘੇ ਚਿੰਤਕਾਂ ਅਤੇ ਨਾਗਰਿਕਾਂ ਨੂੰ ਮੈਂਬਰ ਬਣਾਇਆ ਜਾਵੇ। ਇਹ ਪ੍ਰਸਤਾਵਤ ਟਰਬਿਊਨਲ ਨੂੰ ਸਰਕਾਰੀ ਤੇ ਅਰਧ ਸਰਕਾਰੀ ਦਫ਼ਤਰਾਂ, ਨਿੱਜੀ ਤੇ ਸਰਕਾਰੀ ਵਪਾਰਕ ਅਦਾਰਿਆਂ, ਬੈਂਕਾਂ ਆਦਿ ਅਤੇ ਵਿਦਿਅਕ ਤੇ ਹੋਰ ਸੰਸਥਾਵਾਂ ਵਿਚ ਪੰਜਾਬੀ ਭਾਸ਼ਾ ਵਿਚ ਕੰਮਕਾਜ ਕਰਨ ਤੇ ਨਿਗਰਾਨੀ ਰੱਖਣ ਲਈ ਅਧਿਕਾਰਿਤ ਕੀਤਾ ਜਾਵੇ ਅਤੇ ਜ਼ਿੰਮੇਵਾਰ ਬਣਾਇਆ ਜਾਵੇ। ਇਸ ਵਿਵਸਥਾ ਤੋਂ ਕੁਤਾਹੀ ਕਰਨ ਵਾਲਿਆਂ ਨੂੰ ਦੰਡਿਤ ਕਰਨ ਲਈ ਵੀ ਇਸ ਟਰਬਿਊਨਲ ਨੂੰ ਅਧਿਕਾਰਿਤ ਕੀਤਾ ਜਾਵੇ।

**ਮਤਾ ਨੰਬਰ 3 :**

ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਫੁੱਲਤਾ ਲਈ ਕੰਮ ਕਰ ਰਹੀਆਂ ਯੂਨੀਵਰਸਿਟੀਆਂ, ਅਦਾਰਿਆਂ ਅਤੇ ਸੰਸਥਾਵਾਂ ਦੇ ਖੋਜ ਅਤੇ ਹੋਰ ਕਾਰਜਾਂ ਵਿਚ ਸਮਾਨਤਾ ਅਤੇ ਇਕਸੁਰਤਾ ਲਿਆਉਣ ਲਈ ਇਕ ਕੁਲ-ਵਕਤੀ, ਉੱਚ-ਤਾਕਤੀ ਤਾਲਮੇਲ ਕਮੇਟੀ (High Powered Co-ordination Committee) ਸਥਾਪਤ ਕੀਤੀ ਜਾਵੇ।

**ਮਤਾ ਨੰਬਰ 4 :**

ਅਦਾਲਤਾਂ, ਵਿਧਾਨ ਸਭਾ ਅਤੇ ਸਰਕਾਰੀ ਤੇ ਅਰਧ ਸਰਕਾਰੀ ਪ੍ਰਸ਼ਾਸਕੀ ਦਫ਼ਤਰਾਂ ਆਦਿ ਵਿਚ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਅਤੇ ਪ੍ਰਭਾਵਸ਼ਾਲੀ ਬਨਾਉਣ ਲਈ ਲੋੜੀਂਦੀ ਸਮੱਗਰੀ ਜਿਸ ਵਿਚ ਤਕਨੀਕੀ ਭਾਸ਼ਾ ਕੋਸ਼, ਪੰਜਾਬੀ ਵਿੰਡੋ ਅਤੇ ਸਾਫ਼ਟ ਵੇਅਰ ਆਦਿ ਉਪਲੱਬਧ ਕਰਵਾਏ ਜਾਣ। ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਪੰਜਾਬੀ ਦੀ ਦਫ਼ਤਰੀ ਵਰਤੋਂ ਅਤੇ ਪੰਜਾਬੀ ਕੰਪਿਊਟਰ ਬਾਰੇ ਸਿੱਖਿਅਤ ਕਰਨ ਲਈ ਰਾਜ ਪੱਧਰੀ ਅਤੇ ਖੇਤਰੀ ਸੰਸਥਾਵਾਂ ਸਥਾਪਤ ਕੀਤੀਆਂ ਜਾਣ।

**ਮਤਾ ਨੰਬਰ 5 :**

ਭਾਸ਼ਾ ਵਿਭਾਗ ਪੰਜਾਬ, ਪੰਜਾਬ ਲਾਅ ਕਮਿਸ਼ਨ, ਪੰਜਾਬ ਰਾਜ ਭਾਸ਼ਾ ਕਮਿਸ਼ਨ (ਵਿਧਾਨਿਕ) ਆਦਿ ਨੂੰ ਲੋੜੀਂਦਾ ਸਟਾਫ਼, ਵਿੱਤ ਅਤੇ ਸਮਗਰੀ ਉਪਲੱਬਧ ਕਰਵਾ ਕੇ ਮੁੜ ਸੁਰਜੀਤ ਕੀਤਾ ਜਾਵੇ ਤਾਂ ਜੋ ਉਹ ਪੰਜਾਬੀ ਭਾਸ਼ਾ ਪ੍ਰਤੀ ਆਪਣੇ ਫਰਜ਼ਾਂ ਨੂੰ ਤਨਦੇਹੀ ਨਾਲ ਨਿਭਾਅ ਸਕਣ।

**ਮਤਾ ਨੰਬਰ 6 :**

ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 5 ਅਨੁਸਾਰ ਪੰਜਾਬ ਵਿਧਾਨ ਸਭਾ ਵਿਚ ਪਾਸ ਹੁੰਦੇ ਕਾਨੂੰਨ, ਆਰਡੀਨੈਂਸ ਆਦਿ ਨੂੰ ਪੰਜਾਬੀ ਵਿਚ ਬਣਾਉਣ ਦਾ ਅਧਿਕਾਰ ਪੰਜਾਬ ਸਰਕਾਰ ਨੂੰ ਪ੍ਰਾਪਤ ਹੈ। ਕੇਵਲ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਕੇ ਇਸ ਅਧਿਕਾਰ ਦੀ ਵਰਤੋਂ ਕਰਨੀ ਬਾਕੀ ਹੈ। ਅੱਜ ਦਾ ਇਹ ਇਕੱਠ ਮੰਗ ਕਰਦਾ ਹੈ ਕਿ 49 ਸਾਲ ਤੋਂ ਲਟਕਦੇ ਆ ਰਹੇ ਅਜਿਹੇ ਨੋਟੀਫਿਕੇਸ਼ਨ ਨੂੰ ਤੁਰੰਤ ਜਾਰੀ ਕਰਕੇ ਪੰਜਾਬ ਵਿਧਾਨ ਸਭਾ ਵਲੋਂ ਕਾਨੂੰਨ ਪੰਜਾਬੀ ਵਿਚ ਬਣਾਉਣ ਦਾ ਰਾਹ ਪੱਧਰਾ ਕੀਤਾ ਜਾਵੇ।

**ਮਤਾ ਨੰਬਰ 7 :**

ਪੰਜਾਬ ਸਰਕਾਰ ਪੰਜਾਬੀ ਕੀ-ਬੋਰਡ ਅਤੇ ਸਾਫ਼ਟਵੇਅਰ ਵਿਕਸਤ ਕਰਕੇ ਪੰਜਾਬੀ ਕੰਪਿਊਟਰ ਦੀ ਪੜ੍ਹਾਈ ਨੂੰ ਪ੍ਰਾਇਮਰੀ ਪੱਧਰ ਤੋਂ ਸਲੇਬਸ ਦਾ ਹਿੱਸਾ ਬਣਾਏ।

**ਮਤਾ ਨੰਬਰ 8 :**

ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪਹਿਲੀ ਜਮਾਤ ਤੋਂ ਪੜ੍ਹਾਈ ਨੂੰ ਯਕੀਨੀ ਬਨਾਉਣ ਲਈ ਸਲੇਬਸ, ਪੜ੍ਹਾਈ ਸਮੱਗਰੀ ਤਿਆਰ ਕਰਕੇ ਉਪਲੱਬਧ ਕਰਾਈ ਜਾਵੇ। ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਨਿਰਧਾਰਤ ਪਾਠਕ੍ਰਮ ਅਤੇ ਪੁਸਤਕਾਂ ਹੀ ਪ੍ਰਾਈਵੇਟ ਸੀ.ਬੀ.ਐਸ.ਈ. ਸਕੂਲਾਂ ਲਈ ਲਾਜ਼ਮੀ ਕੀਤੀਆਂ ਜਾਣ। ਇਸ ਦੇ ਨਾਲ ਹੀ ਵਿਦਿਆਰਥੀਆਂ ਲਈ ਪੰਜਾਬੀ ਦੇ ਵਿਸ਼ੇ ਵਿਚ ਪਹਿਲੀ ਜਮਾਤ ਤੋਂ ਹੀ ਪਾਸ ਹੋਣਾ ਲਾਜ਼ਮੀ ਕੀਤਾ ਜਾਵੇ।

**ਮਤਾ ਨੰਬਰ 9 :**

ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸਾਲ 2008 ਵਿਚ ਤਰਮੀਮ ਕਰਕੇ ਪੰਜਾਬ ਸਰਕਾਰ ਵਲੋਂ ਧਾਰਾ 3 ਏ ਜੋੜ ਕੇ ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਪੱਧਰੀ (ਜੁਡੀਸ਼ੀਅਲ) ਅਤੇ ਪ੍ਰਸ਼ਾਸਕੀ ਅਦਾਲਤਾਂ ਵਿਚ ਸਾਰੇ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਦੀ ਪਹਿਲਾਂ ਹੀ ਸ਼ਲਾਘਾਯੋਗ ਵਿਵਸਥਾ ਕਰ ਦਿੱਤੀ ਗਈ ਹੈ। ਪਰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਇਸ ਵਿਵਸਥਾ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਰਾਜ ਭਾਸ਼ਾ ਐਕਟ 1967 ਦੀ ਧਾਰਾ 3 ਏ ਵਿਚ ਬਣਾਈ ਗਈ ਕਾਨੂੰਨੀ ਵਿਵਸਥਾ ਅਨੁਸਾਰ ਅਦਾਲਤ ਦਾ ਕੰਮਕਾਜ ਪੰਜਾਬੀ ਵਿਚ ਆਰੰਭ ਕਰਾਉਣ ਲਈ ਤੁਰੰਤ ਹੀ ਜ਼ਰੂਰੀ ਕਾਰਵਾਈ ਕੀਤੀ ਜਾਵੇ।

**ਮਤਾ ਨੰਬਰ 10 :**

ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਇਹ ਸ਼ਹਿਰ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਹੀ ਵਸਾਇਆ ਗਿਆ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ ਵਿਚ ਬਣਦਾ

ਸਥਾਨ ਨਹੀਂ ਦਿੱਤਾ ਜਾ ਰਿਹਾ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਆਯੋਜਿਤ ਦੂਸਰੀ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਵਿਚ ਸ਼ਾਮਲ ਅੱਜ ਦਾ ਇਕੱਠ ਚੰਡੀਗੜ੍ਹ ਦੇ ਮੁਖ ਪ੍ਰਸ਼ਾਸ਼ਕ ਅਤੇ ਪੰਜਾਬ ਦੇ ਮਾਣਯੋਗ ਰਾਜਪਾਲ ਪਾਸੋਂ ਮੰਗ ਕਰਦਾ ਹੈ ਕਿ :

1. ਪੰਜਾਬੀ ਨੂੰ ਚੰਡੀਗੜ੍ਹ ਦੀ ਮੁੱਖ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਅਤੇ ਸਰਕਾਰੀ ਅਤੇ ਅਰਧ ਸਰਕਾਰੀ ਦਫ਼ਤਰਾਂ, ਅਦਾਲਤਾਂ, ਮਿਉਂਸੀਪਲ ਕਾਰਪੋਰੇਸ਼ਨ ਆਦਿ ਦਾ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇ।
2. ਚੰਡੀਗੜ੍ਹ ਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਪਹਿਲੀ ਜਮਾਤ ਤੋਂ ਲਾਜ਼ਮੀ ਕੀਤੀ ਜਾਵੇ। ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਨੂੰ ਜਿਉਂ ਦਾ ਤਿਉਂ ਅਪਣਾਅ ਲਿਆ ਜਾਵੇ। ਦਸਵੀਂ ਅਤੇ ਬਾਰ੍ਹਵੀਂ ਦੀਆਂ ਜਮਾਤਾਂ ਵਿਚ ਪੰਜਾਬੀ ਵਿਚੋਂ ਪਾਸ ਹੋਣਾ ਲਾਜ਼ਮੀ ਕੀਤਾ ਜਾਵੇ।

**ਮਤਾ ਨੰਬਰ 11 :**

ਪੰਜਾਬੀ ਸੂਬੇ ਦੀ ਸਥਾਪਨਾ ਪਹਿਲੀ ਨਵੰਬਰ 1966 ਨੂੰ ਕੀਤੀ ਗਈ ਸੀ। ਇਸ ਨੂੰ ਹੋਂਦ ਵਿਚ ਲਿਆਉਣ ਲਈ ਪੰਜਾਬੀਆਂ ਨੂੰ ਬੇਸ਼ੁਮਾਰ ਕੁਰਬਾਨੀਆਂ ਕਰਨੀਆਂ ਪਈਆਂ। ਬਹੁਤ ਸਾਰੇ ਪੰਜਾਬੀ ਜੇਲ੍ਹਾਂ ਵਿਚ ਗਏ, ਆਪਣੇ ਕੰਮਾਂ ਕਾਰਾਂ ਤੇ ਘਰਾਂ ਦੀਆਂ ਕੁਰਕੀਆਂ ਕਰਵਾਈਆਂ, ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ ਤੇ ਹੋਰ ਹਰ ਤਰ੍ਹਾਂ ਦੇ ਤਸੀਹੇ ਸਹਾਰੇ। ਉਹਨਾਂ ਸਾਰੇ ਪੰਜਾਬੀਆਂ ਦੀਆਂ ਅਣਗਿਣਤ ਕੁਰਬਾਨੀਆਂ ਨੂੰ ਅੱਜ ਅਸੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਮੁਹਾਲੀ ਵਿਖੇ ਆਯੋਜਤ ਦੂਸਰੀ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਵਿਚ ਯਾਦ ਕਰਦੇ ਹੋਏ ਆਪਣਾ ਨਿੱਘਾ ਸਤਿਕਾਰ ਭੇਟ ਕਰਦੇ ਹਾਂ। ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ :

1. ਪੰਜਾਬੀ ਸੂਬੇ ਦੀ ਸਥਾਪਨਾ ਲਈ ਹੋਈਆਂ ਇਹਨਾਂ ਕੁਰਬਾਨੀਆਂ ਦੀ ਯਾਦ ਦਿਵਾਉਣ ਵਾਲੀ ਇੱਕ ਢੁਕਵੀਂ ਯਾਦਗਾਰ ਸਥਾਪਤ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਘੱਲੂਘਾਰੇ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਮਾਣ ਮਹਿਸੂਸ ਕਰਦੀਆਂ ਰਹਿਣ।
2. ਸਾਡੀ ਮੰਗ ਹੈ ਕਿ ਕੁਰਬਾਨੀ ਕਰਨ ਵਾਲੇ ਪੰਜਾਬੀਆਂ ਦੇ ਪ੍ਰਵਾਰਾਂ ਦੀ ਸਾਂਭ ਸੰਭਾਲ ਵੀ ਯੋਗ ਤਰੀਕਿਆਂ ਨਾਲ ਕੀਤੀ ਜਾਵੇ ਤੇ ਲੋੜੀਂਦੀਆਂ ਸਰਕਾਰੀ ਸਹੂਲਤਾਂ ਦਾ ਹੱਕਦਾਰ ਬਣਾਇਆ ਜਾਵੇ।